International Journal of Applied Research 2016; 2(2): 852-857




**ISSN Print:** 2394-7500
**ISSN Online:** 2394-5869
**Impact Factor:** 5.2
IJAR 2016; 2(2): 852-857
www.allresearchjournal.com
Received: 15-12-2015
Accepted: 22-01-2016

ਡਾ. ਵਿਨੈਨੀਤ ਕੌਰ
ਐਸੋਸੀਏਟ ਪ੍ਰੋਫ਼ੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ, ਭਾਰਤ

**Correspondence:**
ਡਾ. ਵਿਨੈਨੀਤ ਕੌਰ
ਐਸੋਸੀਏਟ ਪ੍ਰੋਫ਼ੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ, ਭਾਰਤ

# ਗੁਰੂ ਨਾਨਕ ਸਾਹਿਬ ਦੇ ਯੁੱਗ ਦੌਰਾਨ ਰਾਜਸੀ, ਸਮਾਜਕ ਅਤੇ ਧਾਰਮਿਕ ਦਸ਼ਾ

## ਡਾ. ਵਿਨੈਨੀਤ ਕੌਰ

ਸਾਹਿਤਕ ਰਚਨਾ ਆਪਣੇ ਆਲੇ ਦੁਆਲੇ ਤੋਂ ਪ੍ਰਭਾਵਿਤ ਹੁੰਦੀ ਹੈ, ਇਸ ਕਾਰਣ ਜਦੋਂ ਵੀ ਕੋਈ ਸਾਹਿਤਕਾਰ ਰਚਨਾ ਰਚਦਾ ਹੈ ਤਾਂ ਉਸਦੀ ਰਚਨਾਂ ਵਿੱਚੋਂ ਉਸਦੇ ਸਮਕਾਲੀ ਸਮਾਜ ਦੀ ਸਥਿਤੀ ਦਾ ਗਿਆਨ ਸਹਿਜੇ ਹੀ ਹੋ ਜਾਂਦਾ ਹੈ। ਇਉਂ ਸਾਹਿਤਕਾਰ ਆਪਣੇ ਸਮੇਂ ਦੇ ਸਮਾਜਕ ਪ੍ਰਭਾਵਾਂ ਨੂੰ ਮਾਨਵ ਸਮਾਜ ਦੇ ਇੱਕ ਬਹੁਤ ਵੱਡੇ ਭਾਗ ਦੇ ਨਾਲ ਆਪਣੀਆਂ ਰਚਨਾਵਾਂ ਰਾਹੀਂ ਸਾਂਝਾ ਕਰਦਾ ਹੈ। ਹਰ ਯੁੱਗ ਦੇ ਸਮਾਜ ਦਾ ਇੱਕ ਨਿਵੇਕਲਾ ਸੁਭਾਅ ਹੁੰਦਾ ਹੈ ਅਤੇ ਇੱਕ ਸਫ਼ਲ ਸਾਹਿਤਕਾਰ ਸਮਾਜ ਦੇ ਇਸ ਵਿਸ਼ੇਸ਼ ਸੁਭਾਅ ਦੀ ਚੇਤੰਨ ਰੂਪ ਵਿੱਚ ਪਛਾਣ ਕਰਨਾ ਜ਼ਰੂਰੀ ਸਮਝਦਾ ਹੈ। ਸਮਾਜ ਦੀ ਹਰ ਸਮੱਸਿਆ ਨੂੰ ਉਹ ਆਪਣੀ ਨਿਜੀ ਸਮੱਸਿਆ ਮੰਨਦਾ ਹੈ ਅਤੇ ਪੂਰੀ ਜ਼ਿੰਮੇਵਾਰੀ ਨਾਲ ਉਸਦੇ ਕਾਰਨਾਂ ਨੂੰ ਜਾਨਣ ਅਤੇ ਉਨ੍ਹਾਂ ਦਾ ਹੱਲ ਲੱਭਣ ਵਿੱਚ ਲੱਗਿਆ ਰਹਿੰਦਾ ਹੈ। ਇਉਂ ਉਸਦੀ ਆਪਣੀ ਸ਼ਖ਼ਸੀਅਤ ਸਮੂਹਿਕ ਸ਼ਖਸ਼ੀਅਤ ਨਾਲ ਇੱਕ ਸੁਰ ਹੋ ਜਾਂਦੀ ਹੈ ਅਤੇ ਲੇਖਕ ਸਾਰੇ ਸਮਾਜ ਦਾ ਪ੍ਰਤੀਕ ਬਣ ਜਾਂਦਾ ਹੈ। ਆਪਣੇ ਆਲੇ ਦੁਆਲੇ ਦੀਆਂ ਗਲਤ ਕਦਰਾਂ-ਕੀਮਤਾਂ ਨਾਲੋਂ ਅਸੰਤੁਸ਼ਟਤਾ, ਸਾਹਿਤਕਾਰ ਦੀ ਨਿਸ਼ਾਨੀ ਮੰਨੀ ਜਾਂਦੀ ਹੈ ਅਤੇ ਇਸੇ ਅਸੰਤੁਸ਼ਟਤਾ ਵਿੱਚੋਂ ਹੀ ਉਹ ਸਮਾਜ ਨੂੰ ਨਵੀਆਂ ਸੇਧਾਂ ਦਿੰਦਾਂ ਹੈ, ਜਿਸ ਨਾਲ ਇੱਕ ਕ੍ਰਾਂਤੀ ਪੈਦਾ ਹੁੰਦੀ ਹੈ ਅਤੇ ਸਮਾਜ ਬੇਇਨਸਾਫ਼ੀ ਵਿਰੁੱਧ ਆਵਾਜ਼ ਚੁੱਕਦਾ ਹੈ ਅਤੇ ਸਮਾਜ ਵਿੱਚ ਮਨੁੱਖਤਾ, ਮਾਨਵਤਾ ਅਤੇ ਪਿਆਰ ਦੀ ਭਾਵਨਾ ਪੈਦਾ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਇੱਕ ਐਸੇ ਮਹਾਨ ਗੁਰੂ ਅਤੇ ਸਾਹਿਤਕਾਰ ਹੋਏ ਹਨ, ਜਿਨ੍ਹਾਂ ਨੇ ਆਪਣੀ ਬਾਣੀ ਨਾਲ ਸਮਾਜ ਵਿੱਚ ਇੱਕ ਮਹਾਨ ਕ੍ਰਾਂਤੀ ਲਿਆਂਦੀ। ਉਸ ਵੇਲੇ ਸਥਿਤੀ ਅਜਿਹੀ ਸੀ ਕਿ ਸਮਾਜ ਦੇ ਹਰ ਖੇਤਰ ਵਿੱਚ ਕੂੜ ਝੂਠ ਭ੍ਰਿਸ਼ਟਾਚਾਰ ਅਤੇ ਅੰਨਿਆ ਦਾ ਬੋਲਬਾਲਾ ਸੀ। ਇਨਸਾਨ ਮਾਨਵਤਾ ਨੂੰ ਤਿਆਗ ਕੇ ਪਸ਼ੁਤਾ ਵੱਲ ਵੱਧ ਰਿਹਾ ਸੀ। ਸਮਾਜ ਵਿੱਚ ਉੱਨਤੀ ਦੀ ਥਾਂ ਅਵਨਤੀ ਆ ਰਹੀ ਸੀ। ਐਸੇ ਸਮੇਂ ਵਿੱਚ ਗੁਰੂ ਨਾਨਕ ਅਤੇ ਹੋਰ ਭਗਤਾਂ ਦੀ ਬਾਣੀ ਰਾਹੀਂ ਲੋਕਾਂ ਨੂੰ ਅਗਿਆਨਤਾ ਦੇ ਹਨੇਰੇ ਵਿੱਚ ਗਿਆਨ ਦੇ ਚਾਨਣ ਦੀ ਇੱਕ ਲਕੀਰ ਨਜ਼ਰ ਆਈ ਅਤੇ ਇਸ ਗਿਆਨ ਰੂਪੀ ਚਾਨਣ ਨੇ ਅਗਿਆਨਤਾ ਦੇ ਹਨੇਰੇ ਨੂੰ ਪਾੜ ਕੇ ਰੱਖ ਦਿੱਤਾ। ਗੁਰੂ ਨਾਨਕ ਦੇਵ ਜੀ ਦੀ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ (ਗੁਰਮਤਿ ਸਾਹਿਤ) ਦਾ ਆਧਾਰ ਬਣੀ। ਇਉਂ ਮੱਧਕਾਲੀਨ ਯੁਗ ਵਿੱਚ ਸਮਾਜ ਦੇ ਵੱਖੋ-ਵੱਖਰੇ ਖੇਤਰਾਂ ਵਿੱਚ ਜੋ ਗਿਰਾਵਟ ਆਈ ਅਤੇ ਇਸ

ਗਿਰਾਵਟ ਨੂੰ ਮਿਟਾਉਣ ਦੇ ਲਈ ਗੁਰੂ ਨਾਨਕ ਦੇਵ ਜੀ ਨੇ ਜੋ ਬਾਣੀ ਰਚੀ, ਉਸਦਾ ਮੁਲਾਂਕਣ ਕਰਨ ਲਈ ਸਾਨੂੰ ਉਸ ਸਮੇਂ ਦੀ ਰਾਜਸੀ, ਸਮਾਜਿਕ ਅਤੇ ਧਾਰਮਿਕ ਦਸ਼ਾ ਉੱਪਰ ਵਿਚਾਰ ਕਰਨੀ ਪਵੇਗੀ।

**ਰਾਜਨੀਤਕ ਦਸ਼ਾ**

ਗੁਰੂ ਨਾਨਕ ਦੇਵ ਜੀ ਦਾ ਯੁੱਗ ਰਾਜਿਆਂ-ਮਹਾਂਰਾਜਿਆਂ ਦਾ ਯੁੱਗ ਸੀ। ਸਮੁੱਚੀ ਉਪਜ, ਮਾਇਆ ਅਤੇ ਜੀਵਨ ਇੱਕ ਵਿਸ਼ੇਸ਼ ਵਿਅਕਤੀ (ਰਾਜੇ) ਦੇ ਆਲੇ-ਦੁਆਲੇ ਘੁੰਮਦੇ ਸਨ। ਉਸ ਕੋਲ ਅਥਾਹ ਅਧਿਕਾਰ ਅਤੇ ਤਾਕਤ ਸਨ। ਕਾਨੂੰਨ ਬਣਾਉਣਾ ਅਤੇ ਉਹਨਾਂ ਨੂੰ ਰੱਦ ਕਰਨਾ, ਉਸਦੀ ਇੱਛਾ 'ਤੇ ਨਿਰਭਰ ਸੀ। ਉਸਦਾ ਜੀਵਨ ਐਸ਼ਪ੍ਰਸਤ ਸੀ ਅਤੇ ਲੋਕਾਂ ਦੀ ਮਿਹਨਤ ਦੀ ਕਮਾਈ ਕਰ (ਟੈਕਸ) ਦੇ ਰੂਪ ਵਿੱਚ ਉਸ ਲਈ ਐਸ਼ਪ੍ਰਸਤੀ ਦਾ ਸਮਾਨ ਮੁਹੱਈਆ ਕਰਦੀ ਸੀ। ਰਾਜੇ ਦੇ ਕੁਕਰਮਾਂ ਵਿਰੁੱਧ ਆਵਾਜ਼ ਚੁੱਕਣ ਵਾਲੀ ਸ਼ਕਤੀ ਨੂੰ ਕੁਚਲ ਦਿੱਤਾ ਜਾਂਦਾ ਸੀ। ਕੇਵਲ ਰਾਜਾ ਹੀ ਨਹੀਂ ਸਗੋਂ ਉਸ ਦੇ ਵਜ਼ੀਰ, ਦਿਵਾਨ ਅਤੇ ਚੌਧਰੀ ਆਦਿ ਸਾਰੇ ਹੀ ਉਸੇ ਵਰਗਾ ਵਿਲਾਸੀ ਜੀਵਨ ਬਤੀਤ ਕਰਦੇ ਸਨ। ਕੁੱਲ ਮਿਲਾ ਕੇ ਸਥਿਤੀ ਅਜਿਹੀ ਸੀ: ਰਾਜੇ ਸ਼ੀਹ ਮੁਕੱਦਮ ਕੁਤੇ। ਜਾਇ ਜਗਾਇਨ ਬੈਠੇ ਸੁਤੇ।

ਜਦੋਂ ਅਸੀਂ ਪੰਜਾਬ ਦੇ ਇਤਿਹਾਸ ਵੱਲ ਝਾਤ ਪਾਉਂਦੇ ਹਾਂ ਤਾਂ ਦੇਖਦੇ ਹਾਂ ਕਿ ਭਾਰਤ ਦਾ ਮੁੱਖ ਦੁਆਰ ਹੋਣ ਕਰਕੇ 'ਪੰਜਾਬ' ਹਮੇਸ਼ਾ ਹੀ ਵਿਦੇਸ਼ੀਆਂ ਹਮਲਾਵਰਾਂ ਦੇ ਹਮਲੇ ਦਾ ਸ਼ਿਕਾਰ ਹੁੰਦਾ ਰਿਹਾ ਹੈ। ਲਗਭਗ ਅੱਠਵੀਂ ਸਦੀ ਦੇ ਆਰੰਭ ਵਿੱਚ ਹੀ ਮੁਸਲਮਾਨਾਂ ਨੇ ਹਿੰਦੁਸਤਾਨ ਉੱਪਰ 'ਪੰਜਾਬ' ਰਾਹੀਂ ਹਮਲੇ ਕਰਨੇ ਆਰੰਭ ਕਰ ਦਿੱਤੇ ਸਨ। ਪਹਿਲਾਂ ਹਮਲਾ ਮੁਹੰਮਦ ਬਿਨ-ਕਾਸਿਮ ਨੇ 712 ਈ. ਵਿੱਚ ਕੀਤਾ। ਇਸ ਤੋਂ ਪਿੱਛੋਂ 1001 ਈ. ਤੋਂ 1024 ਈ. ਤੱਕ ਮਹਮੂਦ ਗਜਨਵੀ ਦੇ ਹਮਲਿਆਂ ਨੇ ਹਿੰਦੁਸਤਾਨ ਖਾਸਕਰ ਪੰਜਾਬ ਵਿੱਚ ਬਹੁਤ ਤਬਾਹੀ ਮਚਾਈ। ਇਉਂ ਜਦੋਂ ਪੰਜਾਬ ਲਗਾਤਾਰ ਵਿਦੇਸ਼ੀ ਹਮਲਾਵਰਾਂ ਦੇ ਹਮਲਿਆਂ ਦਾ ਸ਼ਿਕਾਰ ਹੁੰਦਾ ਗਿਆ ਤਾਂ ਇੱਥੋਂ ਦਾ ਰਾਜਸੀ ਢਾਂਚਾ ਖੇਰੂੰ ਖੇਰੂੰ ਹੋ ਗਿਆ। ਉਸ ਵੇਲੇ ਦੀ ਰਾਜਸੀ ਸਥਿਤੀ ਨੂੰ ਗੁਰੂ ਨਾਨਕ ਦੇਵ ਜੀ, ਉਨਾਂ ਦੇ ਸਮਕਾਲੀ ਭਗਤਾਂ ਅਤੇ ਇਤਿਹਾਸਕਾਰਾਂ ਨੇ ਆਪਣੀ ਬਾਣੀ ਅਤੇ ਲੇਖਾਂ ਰਾਹੀਂ ਬਿਆਨ ਕੀਤਾ ਅਤੇ ਇਸ ਦੇ ਵਿਰੁੱਧ ਆਵਾਜ਼ ਚੁੱਕੀ। ਗੁਰੂ ਨਾਨਕ ਦੇਵ ਜੀ ਰਾਜਸੀ ਸਥਿਤੀ ਨੂੰ ਇਉਂ ਪੇਸ਼ ਕਰਦੇ ਹਨ:

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥** (ਅੰਗ 145)

ਭਾਈ ਗੁਰਦਾਸ ਜੀ ਨੇ ਇਸ ਦਸ਼ਾ ਨੂੰ ਇਉਂ ਬਿਆਨਿਆ ਹੈ:

ਕਲਿ ਆਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤਿ ਮੁਖਹੁ ਆਲਾਈ। (ਵਾਰ 1)

ਰਾਜਿਆਂ ਦੀ ਐਸ਼ਪ੍ਰਸਤੀ ਅਤੇ ਭੋਗ ਵਿਲਾਸ ਦਾ ਸਿੱਟਾ ਇਹ ਨਿਕਲਿਆ ਕਿ ਭਾਰਤ ਦੀ ਸੱਤਾ ਮੁਗਲਾਂ ਦੇ ਹੱਥ ਆ ਗਈ। ਬਾਬਰ ਦੇ ਰਾਜ ਵਿੱਚ ਤਾਂ ਜ਼ੁਲਮ, ਕੂੜ ਅਤੇ ਅੱਤਿਆਚਾਰ ਦਾ ਬੋਲਬਾਲਾ ਇਤਨਾ ਵੱਧ ਗਿਆ ਕਿ ਗੁਰੂ ਨਾਨਕ ਦੇਵ ਜੀ ਨੇ ਇਸ ਦਾ ਵਿਰੋਧ ਇਉਂ ਕੀਤਾ:

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥** (ਅੰਗ 360)
**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥**
**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥** (ਅੰਗ 722)

ਬਾਬਰ ਦੇ ਰਾਜ ਵਿੱਚ ਹਿੰਦੂ ਇਤਨਾ ਅਧੀਨ ਹੋ ਗਿਆ ਸੀ ਕਿ ਉਸਨੇ ਪੂਰਨ ਗੁਲਾਮੀ ਧਾਰ ਲਈ ਸੀ। ਅਨਪੜ੍ਹ ਜਨਤਾ ਦੇ ਸਿਰ ਕੁਰਾਨ ਦੀਆਂ ਆਇਤਾਂ ਦੇ ਝੂਠੇ ਅਰਥਾਂ ਰਾਹੀਂ ਇਨਸਾਫ ਮੜਿਆ ਜਾਂਦਾ ਸੀ। ਪ੍ਰਸਿੱਧ ਇਤਿਹਾਸਕਾਰ ਡਾ. ਲਤੀਫ ਫਰਮਾਉਂਦੇ ਹਨ, ਉਸ ਵੇਲੇ ਛਲ, ਫਰੇਬ, ਠੱਗੀ-ਠੌਰੀ ਅਤੇ ਚਲਾਕੀ ਦਾ ਹੀ ਸਾਰੇ ਹਿੰਦੁਸਤਾਨ ਵਿਚ ਬੋਲਬਾਲਾ ਸੀ। ਹਿੰਦੁਸਤਾਨ ਦੇ ਹਰ ਹਿੱਸੇ ਵਿਚ ਬੇਚੈਨੀ ਅਤੇ ਘਬਰਾਹਟ ਸੀ। ਸਾਰੇ ਹਿੰਦੁਸਤਾਨ ਵਿਚ ਕੇਵਲ ਪਾਪ, ਜ਼ੁਲਮ, ਐਸ਼-ਇਸ਼ਰਤ ਤੋਂ ਸਿਵਾ ਕੁਝ ਹੋਰ ਦਿਖਾਈ ਨਹੀਂ ਦਿੰਦਾ ਸੀ। ਇਉਂ ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਉਸ ਵੇਲੇ ਦੀ ਰਾਜਸੀ ਸਥਿਤੀ ਜ਼ੁਲਮ ਅੱਤਿਆਚਾਰ ਅਤੇ ਭੋਗ ਵਿਲਾਸ ਦੇ ਅਧੀਨ ਵਿਚਰ ਰਹੀ ਸੀ ਅਤੇ ਸਭ ਪਾਸੇ ਪਾਪ ਵਰਤ ਰਿਹਾ ਸੀ।

**ਸਮਾਜਿਕ ਦਸ਼ਾ**

ਕਿਸੇ ਵੀ ਰਾਜ ਪ੍ਰਬੰਧ ਦਾ ਪ੍ਰਭਾਵ ਸਮਾਜਿਕ ਢਾਂਚੇ ਉੱਪਰ ਅਵਸ਼ ਪੈਂਦਾ ਹੈ। ਜਦੋਂ ਭਾਰਤ ਤੇ ਮੁਗਲਾਂ ਦਾ ਰਾਜ ਸਥਾਪਿਤ ਹੋ ਗਿਆ ਤਾਂ ਉਸ ਵੇਲੇ ਦੀ ਹਕੂਮਤ ਨੇ ਸ਼ਕਤੀ ਦੇ ਆਧਾਰ 'ਤੇ ਪੰਜਾਬ ਅਤੇ ਹੋਰਨਾਂ ਰਿਆਸਤਾਂ ਵਿੱਚ ਭਾਰਤੀ ਧਰਮਾਂ ਦੇ ਲੋਕਾਂ ਨੂੰ ਜ਼ਬਰੀ ਧਰਮ ਪਰਿਵਰਤਨ ਲਈ ਮਜ਼ਬੂਰ ਕੀਤਾ। ਇਸ ਕੰਮ ਲਈ ਲਾਲਚ, ਜ਼ਬਰ ਅਤੇ ਲੋਕਾਂ ਵਿੱਚ ਆਪਸੀ ਫੁੱਟ

ਦਾ ਸਹਾਰਾ ਲਿਆ ਗਿਆ। ਇਉਂ ਸਮਾਜ ਸਿੱਧੇ ਰੂਪ ਵਿੱਚ ਦੋ ਵਰਗਾਂ- 'ਹਿੰਦੂ ਧਰਮ' ਅਤੇ 'ਮੁਸਲਿਮ ਧਰਮ' ਵਿੱਚ ਵੰਡਿਆ ਗਿਆ।

ਮੁਸਲਮਾਨ ਤਾਂ ਹਿੰਦੂਆਂ ਨੂੰ ਦੇਖਣਾ ਤੱਕ ਗਵਾਰਾ ਨਹੀਂ ਕਰਦੇ ਸਨ। ਉਹਨਾਂ ਲਈ ਹਿੰਦੂ ਕਾਫ਼ਰ ਸਨ। ਮੁਸਲਮਾਨ ਇਹ ਆਸ ਕਰਦੇ ਸਨ ਕਿ ਹਿੰਦੂ ਸਿਰਫ ਉਨ੍ਹਾਂ ਦੇ ਗੁਲਾਮ ਬਣ ਕੇ ਰਹਿਣ। ਇਸ ਤਰ੍ਹਾਂ ਹਿੰਦੂਆਂ ਪ੍ਰਤੀ ਘਿਰਣਾ ਦਾ ਭਾਵ ਉਸ ਵੇਲੇ ਪੈਦਾ ਹੋ ਚੁੱਕਿਆ ਸੀ। ਇਤਨਾ ਹੀ ਨਹੀਂ ਹਿੰਦੂਆਂ ਉੱਪਰ (ਜਜ਼ੀਆ, ਤੀਰਥ ਕਰ, ਧਾਰਮਿਕ ਆਗੂਆਂ ਦਾ ਦਮਨ) ਅਨੇਕਾਂ ਜ਼ੁਲਮ ਹੋਣ ਲੱਗੇ। ਜਿੱਥੇ ਇੱਕ ਪਾਸੇ ਹਿੰਦੂਆਂ ਨੂੰ ਮੁਸਲਮਾਨੀ ਅੱਤਿਆਚਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਧਰਮ ਪਰਿਵਰਤਨ ਉਹਨਾਂ ਲਈ ਇੱਕ ਬਹੁਤ ਵੱਡਾ ਖਤਰਾ ਸੀ ਉੱਥੇ ਦੂਜੇ ਪਾਸੇ ਹਿੰਦੂ ਧਰਮ ਵਿੱਚ ਜਾਤ-ਪਾਤ ਦੀ ਪ੍ਰਥਾ ਹਿੰਦੂ ਧਰਮ ਨੂੰ ਅੰਦਰੋਂ ਅੰਦਰ ਹੀ ਖਤਮ ਕਰ ਰਹੀ ਸੀ।

ਹਿੰਦੂ ਧਰਮ ਚਾਰ ਪ੍ਰਮੁੱਖ ਵਰਗਾਂ ਵਿੱਚ ਵੰਡਿਆ ਹੋਇਆ ਸੀ- ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ। ਹਿੰਦੂ ਧਰਮ ਦੇ ਇਹਨਾਂ ਚਾਰਾਂ ਵਰਗਾਂ ਵਿੱਚੋਂ 'ਬ੍ਰਾਹਮਣ' ਦਾ ਦਰਜਾ ਸਭ ਤੋਂ ਉੱਚਾ ਸੀ। ਉਸ ਦਾ ਕੰਮ ਸੀ ਧਰਮ ਪ੍ਰਚਾਰ ਕਰਨਾ। ਸਮਾਜ ਵਿੱਚ ਇਹਨਾਂ ਦਾ ਹੀ ਬੋਲ-ਬਾਲਾ ਸੀ। ਸਾਰਾ ਸਮਾਜ ਬ੍ਰਾਹਮਣਾਂ ਦੇ ਬਣਾਏ ਨਿਯਮਾਂ ਉੱਪਰ ਹੀ ਚੱਲਦਾ ਸੀ। 'ਖੱਤਰੀ' ਦਾ ਸਥਾਨ ਸਮਾਜ ਵਿੱਚ ਦੂਜੇ ਦਰਜੇ 'ਤੇ ਸੀ। ਉਸਦਾ ਕੰਮ ਸੀ ਜੰਗਾ-ਯੁੱਧਾਂ ਵਿੱਚ ਜਾ ਕੇ ਲੜਨਾ ਅਤੇ ਅੱਤਿਆਚਾਰੀਆਂ ਦੇ ਜ਼ੁਲਮਾਂ ਤੋਂ ਜਨਤਾ ਨੂੰ ਬਚਾਉਣਾ। ਸਮਾਜ ਵਿੱਚ ਤੀਜਾ ਦਰਜਾ 'ਵੈਸ਼' ਦਾ ਸੀ। ਇਹਨਾਂ ਦਾ ਕੰਮ ਖੇਤੀਬਾੜੀ ਅਤੇ ਵਪਾਰ ਕਰਨਾ ਸੀ। ਇਹਨਾਂ ਤਿੰਨਾਂ ਜਾਤਾਂ ਦੀ ਸਥਿਤੀ ਸਮਾਜ ਵਿੱਚ ਬਹੁਤ ਹੀ ਚੰਗੀ ਸੀ। ਪਰ ਸਮਾਜ ਵਿੱਚ ਚੌਥੇ ਦਰਜੇ 'ਤੇ ਆਇਆ 'ਸ਼ੂਦਰ' ਇੱਕ ਅਜਿਹਾ ਨਰਕੀ ਜੀਵਨ ਬਤੀਤ ਕਰ ਰਿਹਾ ਸੀ ਜੋ ਕਿ ਸ਼ਾਇਦ ਬ੍ਰਾਹਮਣ ਦੇ ਕੁੱਤੇ ਦੇ ਜੀਵਨ ਨਾਲੋਂ ਵੀ ਬਦਤਰ ਸੀ। ਉਸ ਨੂੰ ਨੀਚ ਅਤੇ ਅਛੂਤ ਕਿਹਾ ਗਿਆ। ਉਸ ਦਾ ਕੰਮ ਸੀ ਉਪਰੋਕਤ ਤਿੰਨਾਂ ਵਰਗਾਂ ਦੀ ਸੇਵਾ, ਬਿਨਾਂ ਕਿਸੇ ਫਲ ਦੀ ਇੱਛਾ ਦੇ ਕਰਨੀ। ਉਹ ਇੱਕ ਕਿਸਮ ਦੀ 'ਬੇਗਾਰ' ਸਨ। ਉਹਨਾਂ ਨੂੰ ਅਛੂਤ ਅਤੇ ਨੀਚ ਮੰਨ ਕੇ ਨਾ ਤਾਂ ਸ਼ਹਿਰਾਂ ਅਤੇ ਪਿੰਡਾਂ ਵਿੱਚ ਵਸਣ ਦੀ ਇਜਾਜ਼ਤ ਦਿੱਤੀ ਗਈ ਅਤੇ ਨਾ ਹੀ ਮੰਦਿਰਾਂ ਵਿੱਚ ਪੂਜਾ-ਪਾਠ ਕਰਨ ਦੀ ਇਜਾਜ਼ਤ ਹੀ ਉਹਨਾਂ ਨੂੰ ਮਿਲੀ। ਭਾਈ ਗੁਰਦਾਸ ਜੀ ਇਸ ਨੂੰ ਇਉਂ ਬਿਆਨਦੇ ਹਨ: ਬ੍ਰਾਹਮਣ ਛਤ੍ਰੀ ਵੈਸ ਸੂਦ੍ਰ ਜੁਗੁ ਜੁਗੁ ਏਕੋ ਵਰਨ ਬਿਰਾਜੇ। (ਵਾਰ 1)

ਇਉਂ ਹਿੰਦੂ ਧਰਮ ਵਿੱਚ ਸ਼ੂਦਰ ਨੂੰ ਨੀਵਾਂ ਮੰਨਿਆ ਗਿਆ। ਉਦਾਹਰਣ ਲਈ ਜੇਕਰ ਸਮਾਜ ਦੀ ਤੁਲਨਾ ਮਨੁੱਖੀ ਸਰੀਰ ਨਾਲ ਕੀਤੀ ਜਾਵੇ ਤਾਂ ਬ੍ਰਾਹਮਣ ਉਸਦਾ ਸਿਰ ਹੈ, ਖੱਤਰੀ ਭੁਜਾ (ਬਾਂਹ), ਵੈਸ਼ ਪੇਟ ਅਤੇ ਸ਼ੂਦਰ ਪੈਰ ਹਨ। 'ਤੁਲਸੀ' ਵਰਗੇ ਵਿਦਵਾਨ ਵੀ ਸ਼ੂਦਰ ਪ੍ਰਤੀ ਇਹ ਧਾਰਨਾ ਰੱਖਦੇ ਹਨ: ਢੋਰ ਗਵਾਰ ਸੂਧ ਪਸ਼ੂ ਨਾਰੀ, ਯਹ ਸਭ ਤਾੜਨ ਕੇ ਅਧਿਕਾਰੀ। ਇਸ ਤਰ੍ਹਾਂ ਜਿੱਥੇ ਇੱਕ ਪਾਸੇ ਹਿੰਦੂ ਧਰਮ ਵਿੱਚ ਸ਼ੂਦਰ ਨੂੰ ਨੀਚ ਕਿਹਾ ਗਿਆ, ਉੱਥੇ ਦੂਜੇ ਪਾਸੇ ਗੁਰੂ ਨਾਨਕ ਦੇਵ ਜੀ ਨੀਚ ਬਾਰੇ ਇਹ ਧਾਰਨਾ ਰੱਖਦੇ ਹਨ:

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥** (ਅੰਗ 15)

ਇਸ ਜਾਤ ਵੰਡ ਤੋਂ ਇਲਾਵਾ ਸਮਾਜਿਕ ਸਥਿਤੀ ਦੇ ਪਤਨ ਦਾ ਇੱਕ ਹੋਰ ਪ੍ਰਮੁੱਖ ਕਾਰਨ ਇਹ ਸੀ ਕਿ ਉਪਰੋਕਤ ਜਾਤਾਂ ਨੇ ਆਪਣੇ-ਆਪਣੇ ਕਰਮਾਂ ਤੋਂ ਹੀ ਮੂੰਹ ਮੋੜ ਲਏ। ਖੱਤਰੀ ਦਾ ਕੰਮ ਸੀ ਆਪਣੇ ਲੋਕਾਂ ਦੀ ਰੱਖਿਆ ਕਰਨਾ ਅਤੇ ਉਹਨਾਂ ਨੂੰ ਅੱਤਿਆਚਾਰ ਤੇ ਜ਼ੁਲਮ ਤੋਂ ਬਚਾਉਣਾ, ਪਰ ਉਹ ਤਾਂ ਅੱਤਿਆਚਾਰੀ ਤੇ ਜ਼ਾਲਮ ਮੁਗਲਾਂ ਦੀ ਚਾਕਰੀ ਵਿੱਚ ਹੀ ਰੁਝਿਆ ਹੋਇਆ ਸੀ:

**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥**
**ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥** (ਅੰਗ 663)

ਵਿਦਵਾਨਾਂ ਦਾ ਇਹ ਕਹਿਣਾ ਹੈ ਕਿ ਕਿਸੇ ਵੀ ਸਮਾਜ ਅਤੇ ਕੌਮ ਦੀ ਸੱਭਿਅਤਾ ਇਸ ਗੱਲ ਨਾਲ ਨਾਪੀ ਜਾ ਸਕਦੀ ਹੈ ਕਿ ਉਸ ਵਿੱਚ ਇਸਤਰੀ ਦਾ ਕੀ ਸਥਾਨ ਹੈ ਮਧਕਾਲੀ ਸਮਾਜ ਪੁਰਖ ਪ੍ਰਧਾਨ ਸਮਾਜ ਸੀ ਜਿਸ ਵਿੱਚ ਇਸਤਰੀ ਦਾ ਕਾਰਜ ਅਤੇ ਸ਼ਖ਼ਸੀਅਤ ਵੀ ਪੁਰਖ ਦੇ ਅਧੀਨ ਹੀ ਸੀ ਅਤੇ ਉਹ ਜੀਵਨ ਦੇ ਹਰ ਖੇਤਰ ਵਿੱਚ ਪੁਰਖ 'ਤੇ ਹੀ ਨਿਰਭਰ ਸੀ। ਸਮਾਜ ਅਤੇ ਕਾਨੂੰਨ ਉਸ ਨੂੰ ਦਿਮਾਗੀ ਤੌਰ 'ਤੇ ਹੀਣ ਕਰਾਰ ਦਿੰਦਾ ਸੀ। ਔਰਤ ਦਾ ਕੰਮ ਸੀ ਕੇਵਲ ਬੱਚੇ ਪੈਦਾ ਕਰਨਾ ਅਤੇ ਘਰ ਦੀ ਚਾਰ ਦੀਵਾਰੀ ਵਿੱਚ ਕੈਦ ਰਹਿਣਾ। ਉਸ ਨੂੰ ਕੇਵਲ ਭੋਗ ਵਿਲਾਸ ਦਾ ਸਾਧਨ ਮੰਨਿਆ ਜਾਂਦਾ ਸੀ। ਇਸਤਰੀ ਪ੍ਰਤੀ ਇਹ ਵਿਹਾਰ ਨਾ ਕੇਵਲ ਹਿੰਦੂ ਧਰਮ ਸਗੋਂ ਮੁਸਲਿਮ ਧਰਮ ਵਿੱਚ ਵੀ ਵਿਆਪਤ ਸੀ। ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਔਰਤ ਪ੍ਰਤੀ ਹੋ ਰਹੇ ਇਸ ਘੋਰ ਅੰਨਿਆ ਵਿਰੁੱਧ ਆਵਾਜ਼ ਚੁੱਕੀ

ਅਤੇ ਆਖਿਆ ਕਿ ਜਿਸ ਔਰਤ ਨੇ ਮਨੁੱਖ ਨੂੰ ਜਨਮ ਦਿੱਤਾ ਹੈ ਉਹ ਤਾਂ ਪੂਜਣ ਯੋਗ ਹੈ:

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥** (ਅੰਗ 473)

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਦੇ ਸਮੇਂ ਭਾਰਤੀ ਸਮਾਜ ਕਈ ਤਰ੍ਹਾਂ ਦੇ ਮਤਾ ਵਿੱਚ ਵੰਡਿਆ ਹੋਇਆ ਸੀ। ਜਾਤ-ਪਾਤ ਦੇ ਸ਼ਿਕਾਰ ਲੋਕੀ ਈਰਖਾ ਅਤੇ ਵਿਰੋਧ ਦੀ ਭਾਵਨਾ ਵਿੱਚ ਧੱਸਦੇ ਜਾ ਰਹੇ ਸਨ। ਇੱਥੋਂ ਤੱਕ ਕਿ ਜਨਮ ਦੇਣ ਵਾਲੀ ਔਰਤ ਅਪਮਾਨਮਈ ਜੀਵਨ ਜੀਅ ਰਹੀ ਸੀ।

**ਧਾਰਮਿਕ ਦਸ਼ਾ**

ਕਿਸੇ ਵੀ ਧਰਮ ਨਾਲ ਸੰਬੰਧਿਤ ਰਹੁ-ਰੀਤੀਆਂ, ਪੂਜਾ ਅਰਚਨਾ ਦੀਆਂ ਵਿਧੀਆਂ ਅਤੇ ਸੰਸਕਾਰ ਧਰਮ ਦੀ ਪਛਾਣ ਅਤੇ ਉਸਦਾ ਬਾਹਰਲਾ ਰੂਪ ਹੁੰਦੇ ਹਨ। ਧਰਮ ਦੇ ਅਨੁਯਾਈ ਇਹਨਾਂ ਵਿਧੀਆਂ ਨੂੰ ਜੀਵਨ ਪ੍ਰਵਾਹ ਵਿੱਚ ਢਾਲ ਕੇ ਆਪਣੇ ਸੱਭਿਆਚਾਰ ਦਾ ਇੱਕ ਅਨਿੱਖੜ ਅੰਗ ਬਣਾ ਲੈਂਦੇ ਹਨ ਅਤੇ ਲੋਕਾਂ ਦਾ ਆਚਾਰ-ਵਿਹਾਰ ਸੁੱਚਜੇ ਢੰਗ ਨਾਲ ਚੱਲਦਾ ਰਹਿੰਦਾ ਹੈ। ਪਰ ਜਦੋਂ ਇਹੀ ਵਿਧੀਆਂ ਫੋਕਟ ਨਿਸ਼ਚੇ ਜਾਂ ਅੰਧ-ਵਿਸ਼ਵਾਸਾਂ ਵਿੱਚ ਪਰਿਵਰਤਿਤ ਹੋ ਜਾਂਦੀਆਂ ਹਨ ਤਾਂ ਲੋਕਾਂ ਲਈ ਇੱਕ ਬੋਝ ਬਣ ਜਾਂਦੀਆਂ ਹਨ ਅਤੇ ਉਨਾਂ ਦੇ ਨਰੋਏ ਵਿਕਾਸ ਲਈ ਬਾਧਕ ਹੋ ਜਾਂਦੀਆਂ ਹਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿੱਚ ਧਰਮ ਦੀਆਂ ਇਹ ਵਿਧੀਆਂ ਫੋਕੇ ਕਰਮਾਂ-ਕਾਂਡਾ 'ਤੇ ਹੀ ਅਧਾਰਿਤ ਹੋ ਚੁੱਕੀਆਂ ਸਨ। ਭੇਖ ਉਸ ਸਮੇਂ ਪੂਰੇ ਜੋਬਨ 'ਤੇ ਸੀ। ਧਰਮ ਆਪਣੇ ਅਸਲ ਅਰਥਾਂ ਵਿੱਚ ਮਨੁੱਖਤਾ ਤੋਂ ਦੂਰ ਹੁੰਦਾ ਜਾ ਰਿਹਾ ਸੀ। ਧਰਮ ਅਤੇ ਭੇਖ ਵਿੱਚ ਅੰਤਰ ਕਰਨਾ ਕਠਿਨ ਹੋ ਗਿਆ ਸੀ। ਗੁਰੂ ਨਾਨਕ ਦੇਵ ਜੀ ਇਸ ਦਸ਼ਾ ਨੂੰ ਇਉਂ ਬਿਆਨਦੇ ਹਨ:

**ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥**
(ਅੰਗ 479)

ਉਸ ਸਮੇਂ ਤਿੰਨ ਕਿਸਮ ਦੇ ਧਾਰਮਿਕ ਆਗੂ ਵਧੇਰੇ ਪ੍ਰਸਿੱਧ ਸਨ- ਬ੍ਰਾਹਮਣ, ਕਾਜੀ, ਜੋਗੀ। ਧਰਮ ਦੇ ਇਹ ਤਿੰਨੇ ਠੇਕੇਦਾਰ ਅਸਲੋਂ ਧਰਮੀ ਨਹੀਂ ਸਨ, ਸਗੋਂ ਆਪਣੇ ਨਿਜੀ ਹਿੱਤਾਂ ਦੀ ਖਾਤਰ ਆਪਣਾ ਧਰਮ ਭੁੱਲ ਰਹੇ ਸਨ। ਗੁਰੂ ਨਾਨਕ ਸਾਹਿਬ ਅਨੁਸਾਰ:

**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥** (ਅੰਗ 722)

ਉਸ ਸਮੇਂ ਧਰਮ ਦੇ ਤਿੰਨ ਪ੍ਰਸਿੱਧ ਆਗੂਆਂ ਵਿੱਚੋਂ ਸਭ ਤੋਂ ਪ੍ਰਮੁੱਖ ਸੀ 'ਬ੍ਰਾਹਮਣ'। ਬ੍ਰਾਹਮਣ ਦਾ ਕੰਮ ਤਾਂ ਭਾਵੇਂ ਪੂਜਾ ਅਰਚਨਾ ਕਰਨਾ ਅਤੇ ਲੋਕਾਂ ਦਾ ਕਲਿਆਣ ਕਰਨਾ ਸੀ ਪਰ ਉਹ ਇਸ ਦੇ ਉਲਟ ਜਾ ਕੇ ਧਾਰਮਿਕ ਗ੍ਰੰਥਾਂ ਦੀ ਓਟ ਵਿੱਚ ਲੋਕਾਂ 'ਤੇ ਜ਼ੁਲਮ ਕਰਨ ਦੀ ਮੁਗਲਾਂ ਦੀ ਨੀਤੀ ਦਾ ਸਾਥ ਦੇ ਰਿਹਾ ਸੀ ਅਤੇ ਨਾਲ ਹੀ ਲੋਕਾਂ ਕੋਲੋਂ ਪੈਸੇ ਠੱਗਣਾ ਉਸਦਾ ਪੇਸ਼ਾ ਬਣ ਗਿਆ ਸੀ। ਇਉਂ ਆਪਣੀ ਸਹੂਲੀਅਤ ਲਈ ਬ੍ਰਾਹਮਣ ਨੇ ਧਰਮ ਗ੍ਰੰਥਾਂ ਦੇ ਅਰਥ ਹੀ ਬਦਲ ਕੇ ਰੱਖ ਦਿੱਤੇ:

**ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥**
**ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥**
(ਅੰਗ 56)

ਗੁਰੂ ਨਾਨਕ ਦੇਵ ਜੀ ਬ੍ਰਾਹਮਣ ਦੇ ਇਸ ਦਿਖਾਵੇ ਨੂੰ ਨਿਰਾ ਫੋਕਟ ਕਰਮ ਆਖਦੇ ਹਨ:

**ਪੜਿ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥**
**ਮੁਖਿ ਝੂਠ ਬਿਭੂਖਣ ਸਾਰੰ॥ ਤ੍ਰੈਪਾਲ ਤਿਹਾਲ ਬਿਚਾਰੰ॥**
**ਗਲਿ ਮਾਲਾ ਤਿਲਕੁ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥**
**ਜੇ ਜਾਣਸਿ ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚਉ ਕਰਮੰ॥**
(ਅੰਗ 470)

ਬ੍ਰਾਹਮਣਾ ਦੀ ਅਜਿਹੀ ਸਿੱਖਿਆ ਅਤੇ ਵੇਦਾਂ ਪੁਰਾਣਾਂ ਦੇ ਅਸਰ ਹੇਠ ਲੋਕੀਂ ਇੱਕ ਰੱਬ ਦੀ ਓਟ ਛੱਡ ਕੇ ਅਣਗਿਣਤ ਦੇਵੀ ਦੇਵਤਿਆਂ ਦੀ ਉਪਾਸਨਾ ਵਿੱਚ ਹੀ ਉਲਝੇ ਰਹੇ। ਉਸ ਸਮੇਂ ਦੇ ਹਿੰਦੂ ਸਮਾਜ ਬਾਰੇ ਲਾਲਾ ਦੌਲਤ ਰਾਏ ਆਰਿਆ ਆਪਣੀ ਪੁਸਤਕ 'ਸਵਾਨਿ ਉਸਰੀ ਗੁਰੂ ਗੋਬਿਦ ਸਿੰਘ' ਵਿੱਚ ਲਿਖਦੇ ਹਨ:

"ਏਕ ਹਿੰਦੂ (ਗਣੇਸ਼) ਕਾ ਪੁਜਾਰੀ ਥਾ, ਦੂਸਰਾ ਸੂਰਜ ਕਾ, ਤੀਸਰਾ ਸ਼ਿਵ, ਚੌਥਾ ਵਿਸ਼ਨੂ, ਪਾਂਚਵਾਂ ਰਾਮ, ਛਟਾ ਕ੍ਰਿਸ਼ਨ, ਸਾਤਵਾਂ ਹਨੂਮਾਨ, ਆਠਵਾਂ ਲਛਮਣ, ਨੌਵਾਂ ਬ੍ਰਹਮਾ, ਦਸਵਾਂ ਸ਼ੰਕਰ ਅਚਾਰੀਆ, ਗਿਆਰਵਾਂ ਕਰਮ ਕਾਂਡੀ ਔਰ ਉਸ ਪਰ ਆਪਸ ਮੇਂ ਵਿਰੋਧ ਔਰ ਕੀਨਾ। ਮੁਲਕ ਕੀ ਜ਼ੁਬਾਨ ਏਕ ਨਾ ਥੀ, ਧਰਮ ਪੁਸਤਕੇਂ ਏਕ ਨਾ ਥੀ, ਜੋ ਤਮਾਮ ਹਿੰਦੂਓਂ ਪਰ

ਹਾਵੀ ਹੋ। ਧਰਮ ਕਾ ਕੋਈ ਐਸਾ ਮਾਮਲਾ ਨਾ ਥਾ ਜਿਸ ਮੇਂ ਤਮਾਮ ਹਿੰਦੂ ਸ਼ਾਮਿਲ ਹੋ।"

ਭਾਈ ਗੁਰਦਾਸ ਜੀ ਪਹਿਲੀ 'ਵਾਰ 1' ਵਿੱਚ ਇਉਂ ਆਖਦੇ ਹਨ:

ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।

ਉਸ ਵੇਲੇ ਧਰਮ ਦਾ ਦੂਜਾ ਆਗੂ ਸੀ ਜੋਗੀ। ਗੋਰਖਨਾਥ ਦੇ ਦੱਸੇ ਰਾਹ ਉੱਤੇ ਚੱਲਣ ਵਾਲਿਆਂ ਨੂੰ ਜੋਗੀ ਕਿਹਾ ਜਾਂਦਾ ਸੀ। ਇਹਨਾਂ ਜੋਗੀਆਂ ਮੁਤਾਬਕ ਪ੍ਰਭੂ-ਪ੍ਰਮਾਤਮਾ ਨਾਲ ਜੁੜਨ ਲਈ ਮਨ ਨੂੰ ਸਾਧਣਾ ਬਹੁਤ ਜ਼ਰੂਰੀ ਸੀ। ਇਹ ਕੰਮ ਜੰਗਲਾਂ ਵਿੱਚ ਜਾ ਕੇ ਯੋਗ ਕਿਰਿਆਵਾਂ ਰਾਹੀ ਹੀ ਹੋ ਸਕਦਾ ਸੀ, ਪਰ ਘਰ-ਬਾਰ ਤਿਆਗ ਕੇ ਇਹੀ ਜੋਗੀ ਅੰਨ ਅਤੇ ਬਸਤਰਾਂ ਦੀ ਪੂਰਤੀ ਲਈ ਸੰਸਾਰੀ ਲੋਕਾਂ ਦੇ ਘਰ ਭਿਖਿਆ ਮੰਗਣ ਜਾਂਦੇ ਸੀ। ਆਪਣੀਆਂ ਜਟਾਂ ਵਧਾਉਣੀਆਂ, ਪਿੰਡੇ 'ਤੇ ਸੁਆਹ ਮਲਣੀ, ਕੰਨਾਂ ਵਿੱਚ ਮੁੰਦਰਾਂ ਪਾਉਣੀਆਂ, ਹੱਥ ਵਿੱਚ ਡੰਡਾ ਅਤੇ ਸੰਖ ਰੱਖਣਾ ਇਹਨਾਂ ਦੇ ਧਾਰਮਿਕ ਭੇਖ ਦਾ ਅੰਗ ਸਨ। ਪਰ ਗੁਰੂ ਇਹਨਾਂ ਜੋਗੀਆਂ ਨੂੰ ਅਸਲ ਜੋਗੀ ਨਹੀਂ ਮੰਨਦੇ। ਉਹਨਾਂ ਅਨੁਸਾਰ ਅਸਲ ਜੋਗੀ ਉਹ ਹੈ ਜੋ ਪ੍ਰਭੂ-ਭਗਤੀ ਵਿੱਚ ਲੀਨ ਰਹੇ:

**ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥**
**ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥**
**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੧॥**
**ਗਲੀ ਜੋਗੁ ਨ ਹੋਈ॥**
**ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥** (ਅੰਗ 730)

ਇਸੇ ਨਾਲ ਮਿਲਦੇ ਜੁਲਦੇ ਜੈਨੀ, ਬੋਧੀ ਅਤੇ ਵਾਮ ਮਾਰਗੀ ਧਰਮ ਵੀ ਉਸ ਵੇਲੇ ਪ੍ਰਚਲਤ ਸਨ।

ਗੁਰੂ ਨਾਨਕ ਦੇ ਕਾਲ ਵਿੱਚ ਧਰਮ ਦੇ ਤੀਜੇ ਆਗੂ 'ਕਾਜ਼ੀ' ਸਨ। ਇਹ ਮੁਸਲਿਮ ਧਰਮ ਦੇ ਆਗੂ ਸਨ। ਹਾਕਮ ਸ਼੍ਰੇਣੀ ਨਾਲ ਸੰਬੰਧਿਤ ਹੋਣ ਕਰਕੇ ਇਹ ਮੁਗਲ ਹਾਕਮਾਂ ਦੇ ਪ੍ਰਮੁੱਖ ਸਲਾਹਕਾਰ ਹੁੰਦੇ ਸਨ। ਇਹਨਾਂ ਦਾ ਕੰਮ ਤਾਂ ਭਾਵੇਂ ਧਰਮ-ਪ੍ਰਚਾਰ ਕਰਨਾ ਅਤੇ ਲੋਕਾਂ ਨੂੰ ਅਧਿਆਤਮਿਕ ਗਿਆਨ ਦੇਣਾ ਸੀ, ਪਰ ਧਰਮ-ਪ੍ਰਚਾਰ ਕਰਨ ਦੀ ਥਾਂ ਇਹ ਹਾਕਮਾਂ ਨੂੰ ਖੁਸ਼ ਕਰਕੇ ਆਪਣੇ ਲਈ ਭੋਗ-ਵਿਲਾਸੀ ਅਤੇ ਐਸ਼ਪ੍ਰਸਤ ਜੀਵਨ ਦੇ ਸਾਧਨ ਜੋੜਨ ਵਿੱਚ ਲੱਗੇ ਰਹਿੰਦੇ ਸਨ। ਇਹ ਜ਼ਾਲਮ ਮੁਗਲ ਹਾਕਮਾਂ ਨੂੰ ਚੰਗੇ ਅਤੇ ਪੱਕੇ ਮੁਸਲਮਾਨ ਦੇ ਤੌਰ 'ਤੇ ਪੇਸ਼ ਕਰਦੇ ਸਨ ਅਤੇ ਹਾਕਮ ਵੀ ਹਿੰਦੂਆਂ 'ਤੇ ਜ਼ੁਲਮ ਕਰਨ ਲਈ ਇਹਨਾਂ ਪਾਸੋਂ ਮਨ-ਪਸੰਦ ਫਤਵੇ (ਜਜਮੈਂਟ) ਲੈ ਲੈਂਦੇ ਸਨ। ਸੋ ਉਸ ਵੇਲੇ ਨਿਆ ਕਰਨਾ ਇਹਨਾਂ ਕਾਜ਼ੀਆਂ ਦਾ ਮੁੱਖ ਕੰਮ ਸੀ, ਪਰ ਨਿਆ ਦੀ ਥਾਂ ਇਹ ਰਿਸ਼ਵਤ ਲੈ ਕੇ ਅਤੇ ਹਾਕਮਾਂ ਨੂੰ ਖੁਸ਼ ਕਰਨ ਲਈ ਕੁਰਾਨ ਦੇ ਉਲਟ ਅਰਥ ਕਰਕੇ ਬੇਗੁਨਾਹ ਲੋਕਾਂ ਨੂੰ ਗੁਨਾਹਗਾਰ ਸਾਬਿਤ ਕਰ ਦਿੰਦੇ ਸਨ। ਗੁਰੂ ਨਾਨਕ ਦੇਵ ਜੀ ਇਹਨਾਂ ਕਾਜ਼ੀਆਂ ਦੀ ਕਰਨੀ ਨੂੰ ਇਉਂ ਪੇਸ਼ ਕਰਦੇ ਹਨ:

**ਕਾਜੀ ਹੋਇ ਕੈ ਬਹੈ ਨਿਆਇ॥**
**ਫੇਰੇ ਤਸਬੀ ਕਰੇ ਖੁਦਾਇ॥**
**ਵਢੀ ਲੈ ਕੈ ਹਕੁ ਗਵਾਏ॥**
**ਜੇ ਕੋ ਪੁਛੈ ਤਾ ਪੜਿ ਸੁਣਾਏ॥** (ਅੰਗ 951)

ਮੁਗਲ ਹਾਕਮਾਂ ਦੀ ਧਾਰਮਿਕ ਨੀਤੀ ਦਾ ਇੱਕ ਅੰਗ ਇਹ ਵੀ ਸੀ ਕਿ ਕਾਫਰਾਂ (ਹਿੰਦੂਆਂ) ਨੂੰ ਮੁਸਲਮਾਨ ਧਰਮ ਵਿੱਚ ਸ਼ਾਮਿਲ ਕਰਨਾ। ਮੁਸਲਮਾਨਾਂ ਲਈ ਇਹ ਇੱਕ ਨੇਕ ਕੰਮ ਸੀ। ਉਹਨਾਂ ਦਾ ਵਿਸ਼ਵਾਸ ਸੀ ਕਿ ਇਸ ਤਰ੍ਹਾਂ ਬਹਿਸ਼ਤ (ਸਵਰਗ) ਦੀ ਪ੍ਰਾਪਤੀ ਹੁੰਦੀ ਹੈ। ਇਸੇ ਵਿਸ਼ਵਾਸ ਕਾਰਨ ਹੀ ਹਿੰਦੂਆਂ 'ਤੇ ਜ਼ੁਲਮ ਹੁੰਦੇ ਸਨ ਅਤੇ ਹਿੰਦੂ ਧਰਮਸਥਾਨਾਂ ਨੂੰ ਤੋੜਿਆ ਜਾਂਦਾ ਸੀ ਤੇ ਉੱਥੇ ਮਸੀਤਾਂ ਬਣਾਈਆਂ ਜਾਂਦੀਆਂ ਸਨ। ਇਉਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿੱਚ ਭਾਰਤ ਦੀ ਧਾਰਮਿਕ ਦਸ਼ਾ ਪਤਨ ਵੱਲ ਜਾ ਰਹੀ ਸੀ। ਧਰਮ ਮਾਤਰ ਵਿਖਾਵੇ ਤੇ ਭੇਖ ਦਾ ਹੀ ਰੂਪ ਹੋ ਗਿਆ ਸੀ ਅਤੇ ਧਰਮੀ ਲੋਕ ਅਧਰਮੀ ਹੋ ਰਹੇ ਸਨ।

ਉਪਰੋਕਤ ਸੰਪੂਰਨ ਚਰਚਾ ਨੂੰ ਸਮੇਟਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਜਿਸ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਮੋਢੀ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਹੋਇਆ, ਉਸ ਵੇਲੇ ਭਾਰਤ ਵਿੱਚ ਹਰ ਇੱਕ ਖੇਤਰ ਵਿੱਚ ਗਿਰਾਵਟ ਪੈਦਾ ਹੋ ਰਹੀ ਸੀ। ਹਰ ਪਾਸੇ ਜ਼ੁਲਮ, ਜ਼ਬਰ, ਅੱਤਿਆਚਾਰ ਅਤੇ ਵੈਰ-ਵਿਰੋਧ ਉੱਤੇ ਕੂੜ ਦਾ ਬੋਲਬਾਲਾ ਸੀ। ਮਨੁੱਖ ਮਨੁੱਖਤਾ ਦੀ ਥਾਂ ਪਸ਼ੂਤਾ ਵੱਲ ਜਾ ਰਿਹਾ ਸੀ। ਰਾਜਸੀ ਹਾਲਾਤ ਇਹੋ ਜਿਹੇ ਸਨ ਕਿ ਹਾਕਮ ਸ਼੍ਰੇਣੀ ਆਪਣੀ ਪਰਜਾ ਦੀ ਭਲਾਈ ਅਤੇ ਅਮਨ, ਚੈਨ ਤੇ ਸੁਰੱਖਿਆ ਬਾਰੇ ਸੋਚਣ ਦੀ ਥਾਂ ਆਪਣੀ ਐਸ਼ਪ੍ਰਸਤੀ, ਭੋਗ ਵਿਲਾਸਤਾ ਅਤੇ ਆਪਸੀ ਲੜਾਈ ਵੱਲ ਵਧੇਰੇ ਰੁਚਿਤ ਸੀ। ਪਰਿਣਾਮਸਰੂਪ ਸ਼ਾਸਨ ਦੀ ਵਾਗਡੋਰ ਵਿਦੇਸ਼ੀਆਂ ਦੇ ਹੱਥ ਆ ਗਈ। ਇਸ ਦੇ ਫਲਸਰੂਪ ਸਮਾਜਿਕ ਸਥਿਤੀ ਵਿੱਚ ਵੀ ਪਤਨਤਾ ਪੈਦਾ ਹੋਈ ਕਿਉਂਕਿ ਇੱਕ ਤਾਂ ਪਹਿਲੇ ਹੀ ਹਿੰਦੂ ਧਰਮ ਜਾਤੀਪ੍ਰਥਾ ਨਾਲ ਗ੍ਰਸਤ ਸੀ, ਉਤੋਂ ਇੱਕ ਹੋਰ ਸੰਪਰਦਾਇ (ਮੁਸਲਮਾਨ) ਦਾ ਆਗਮਨ ਹੋਣ ਨਾਲ ਸਮਾਜ ਵਿੱਚ ਵੈਰ-ਵਿਰੋਧ ਦੀ ਭਾਵਨਾ ਪੈਦਾ ਹੋਈ, ਜਿਸ ਦਾ ਅਸਰ ਲੋਕਾਂ ਦੇ ਜੀਵਨ 'ਤੇ

ਪਿਆ। ਮੁਗਲ ਰਾਜ ਸਥਾਪਿਤ ਹੋ ਜਾਣ ਨਾਲ ਧਾਰਮਿਕ ਦਸ਼ਾ ਵੀ ਪਤਨ ਦੇ ਗਰਭ ਵਿੱਚ ਚਲੀ ਗਈ ਕਿਉਂਕਿ ਧਰਮ ਦੇ ਠੇਕੇਦਾਰ ਧਰਮ-ਕਰਮ ਨੂੰ ਭੁੱਲ ਕੇ ਹਾਕਮਾਂ ਨੂੰ ਖੁਸ਼ ਕਰਨ ਵਿੱਚ ਹੀ ਰੁੱਝੇ ਰਹੇ ਅਤੇ ਆਮ ਲੋਕਾਈ ਇਹਨਾਂ ਦੇ ਵਿਚਕਾਰ ਕਣਕ ਦੇ ਦਾਣੇ ਦੀ ਤਰ੍ਹਾਂ ਪਿਸਦੀ ਰਹੀ। ਲੇਕਿਨ ਇਸ ਦੇ ਬਾਵਜੂਦ ਲੋਕਾਂ ਵਿੱਚ ਸੰਸਕ੍ਰਿਤਕ ਸਮਨਵਿਆ ਸਥਾਪਿਤ ਹੋਇਆ। ਸੂਫੀ ਕਾਵਿ, ਕਿੱਸਾ ਕਾਵਿ, ਵਾਰ ਕਾਵਿ ਅਤੇ ਗੁਰੂ ਨਾਨਕ ਦੀ ਬਾਣੀ ਨੇ ਇੱਕ ਆਲੌਕਿਕ ਸੰਸਕ੍ਰਿਤਕ ਸਮਨਵਿਆ ਸਥਾਪਿਤ ਕੀਤਾ।

**ਸਹਾਇਕ ਪੁਸਤਕਾਵਲੀ**


1. ਅਟਵਾਲ, ਗਿਆਨ ਸਿੰਘ, ਸਿਖ ਸਿਧਾਂਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1974.
2. ਆਲੋਚਨਾ, ਗੁਰੂ ਨਾਨਕ ਅੰਕ, ਸੰ. ਪ੍ਰੀਤਮ ਸਿੰਘ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1970
3. ਸਤਿਬੀਰ ਸਿੰਘ, ਬਲਿਓ ਚਰਾਗ, ਨਿਊ ਬੁੱਕ ਕੰਪਨੀ, ਜਲੰਧਰ
4. ਸਾਹਿਬ ਸਿੰਘ, ਪ੍ਰੋ., ਸਿਧ ਗੋਸਟਿ ਸਟੀਕ, ਲਾਹੌਰ ਬੁਕ ਸ਼ਾਪ, ਲੁਧਿਆਣਾ, 1953
5. ਸਾਹਿਬ ਸਿੰਘ, ਪ੍ਰੋ., ਆਸਾ ਦੀ ਵਾਰ, ਸਿੰਘ ਬਰਦਰਜ਼, ਅੰਮ੍ਰਿਤਸਰ
6. ਸੀਤਲ, ਜੀਤ ਸਿੰਘ, ਡਾ., ਸੰ. ਪੰਜਾਬੀ ਦੁਨੀਆਂ, ਭਗਤੀ ਅੰਕ, 1965
7. ਸੀਤਲ, ਜੀਤ ਸਿੰਘ, ਡਾ., ਸੰ. ਪੰਜਾਬੀ ਦੁਨੀਆਂ, ਗੁਰਮਤ ਅੰਕ, 1965
8. ਸੀਤਲ, ਜੀਤ ਸਿੰਘ, ਡਾ., ਸੰ. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੈਪਸੂ ਬੁਕ ਡੀਪੋ, ਪਟਿਆਲਾ,
9. ਸੇਵਕ, ਸੇਵਾ ਸਿੰਘ, ਗੁਰੂ ਨਾਨਕ, ਵਿਸ਼ਵ ਨੂਰ, ਪੰਜਾਬ ਕਿਤਾਬ ਘਰ, ਜਲੰਧਰ
10. ਸੀਤਲ, ਸੋਹਣ ਸਿੰਘ, ਮਨੁੱਖਤਾ ਦੇ ਗੁਰੂ, ਦਰਬਾਰ ਪਬਲੀਸ਼ਿੰਗ ਹਾਊਸ, ਅੰਮ੍ਰਿਤਸਰ, 1969
11. ਸੋਢੀ, ਹਜ਼ਾਰਾ ਸਿੰਘ, ਜਪੁ ਬੀਚਾਰੁ, ਪ੍ਰਕਾਸ਼ਕ ਲੇਖਕ ਖੁਦ, ਅੰਮ੍ਰਿਤਸਰ
12. ਹਰਿਭਜਨ ਸਿੰਘ, ਡਾ., ਅਧਿਅਨ ਤੇ ਅਧਿਆਪਨ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ 1970
13. ਹਰਿਭਜਨ ਸਿੰਘ, ਡਾ., ਪਾਰਗਾਮੀ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ 1970
14. ਕਸੇਲ, ਕ੍ਰਿਪਾਲ ਸਿੰਘ, ਸੰਪਾਦਕ-ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ ਪਟਿਆਲਾ, ਪਹਿਲਾ ਭਾਗ, 1971